Weekly

# CANADA SIKH TIMES

29 June - 5 July 2024

ਕੈਨੇਡਾ ਸਿੱਖ ਟਾਈਮਜ਼

Volume 2 Issue 26

• RELIGION • CULTURE • HERITAGE • BUSINESS

## ਹੁਣ ਇਟਲੀ ਦੀਆਂ ਪਟੜੀਆਂ ’ਤੇ ਰੇਲਾਂ ਦੌੜਾਉਣਗੇ ਸਿੱਖ



ਇਟਲੀ ’ਚ ਭਾਰਤੀਆਂ ਵਲੋਂ ਆਏ ਦਿਨ ਚੰਗੀਆਂ ਨੌਕਰੀਆਂ ਪ੍ਰਾਪਤ ਕਰਨ ਦੀਆ ਖ਼ਬਰਾਂ ਮਿਲਦੀਆਂ ਹਨ। ਉਸੇ ਲੜੀ ’ਚ ਹੁਣ 22 ਸਾਲਾ ਸਿੱਖ ਨੌਜੁਆਨ ਹਰਮਨਦੀਪ ਸਿੰਘ ਨੇ ਟਰੇਨ ਚਾਲਕ ਬਣ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨੌਜਵਾਨ ਦੇ ਮਾਤਾ-ਪਿਤਾ ਨੇ ਖੁਸ਼ੀ ਪ੍ਰਗਟ ਕਰਦਿਆ ਦੱਸਿਆ ਕਿ ਉਨ੍ਹਾਂ ਦਾ ਬੇਟਾ ਪੜ੍ਹਾਈ ’ਚ ਪਹਿਲਾਂ ਤੋਂ ਹੀ ਹੁਸ਼ਿਆਰ ਸੀ। ਪੰਜਾਬ ਦੇ ਜ਼ਿਲ੍ਹਾ ਨਵਾਂ ਸ਼ਹਿਰ ਦੇ ਪਿੰਡ ਭਾਰਟਾ ਕਲਾਂ ਦਾ ਜੰਮਪਲ ਹਰਮਨਦੀਪ ਸਿੰਘ ਕਰੀਬ 8 ਸਾਲ ਦੀ ਉਮਰ ’ਚ ਇਟਲੀ ਪਹੁੰਚਿਆ ਸੀ, ਜੋ ਕਿ ਜ਼ਿਲ੍ਹਾ ਮਾਨਤੋਵਾ ਦੇ ਚੀਰੇਸੇ ’ਚ ਪਰਿਵਾਰ ਨਾਲ ਰਹਿੰਦਾ ਹੈ। ਜਿਸ ਨੇ ਮੁੱਢਲੀ ਪੜ੍ਹਾਈ ਮਾਨਤੋਵਾ ਤੋਂ ਕਰਦਿਆਂ ਵੇਰੋਨਾ ਤੋਂ ਟ੍ਰੇਨ ਦੇ ਡਰਾਈਵਰ ਲਈ ਕੋਰਸ ਕੀਤਾ ਸੀ। ਟੈਸਟ ਪਾਸ ਹੋਣ ਤੋਂ ਬਾਅਦ ਉਸ ਨੇ ਬੁਲਜਾਨੋ ਦੀ ਐੱਸ. ਏ.ਡੀ. ਟਰਾਂਸਪੋਰਟ ’ਚ ਨੌਕਰੀ ਪ੍ਰਾਪਤ ਕੀਤੀ। ਜਿੱਥੇ ਟ੍ਰੇਨਿੰਗ ਪ੍ਰਾਪਤ ਕਰਨ ਉਪਰੰਤ ਨੌਜਵਾਨ ਹਰਮਨਦੀਪ ਸਿੰਘ ਨੇ ਟ੍ਰੇਨ ਚਾਲਕ ਦੀ ਨੌਕਰੀ ਪ੍ਰਾਪਤ ਕੀਤੀ। ਹੁਣ ਉਹ ਤਰੇਂਤੋ ਤੋਂ ਬਰੇਨਾਰੋ ਤੱਕ ਟ੍ਰੇਨ ਲੈ ਕੇ ਜਾਂਦਾ ਹੈ। ਹਰਮਨਦੀਪ ਸਿੰਘ ਨੇ ਵਿਦੇਸ਼ ’ਚ ਟ੍ਰੇਨ ਚਾਲਕ ਦੀ ਨੌਕਰੀ ਪ੍ਰਾਪਤ ਕਰਕੇ ਪੂਰੀ ਕੌਮ ਤੇ ਦੇਸ਼ ਦਾ ਮਾਣ ਵਧਾਇਆ ਹੈ।

## Canada ends Post-Graduate Work Permits for Foreigners at Port Entry




The Canadian government has implemented a policy change for international immigrants who are applying for a post-study work visa in the country. As of June 21, 2024, international students seeking a post-graduation work permit are restricted from applying at a port of entry including airport, land, and marine border. The Canadian government has instructed the Border services officers not to process PGWP applications made upon entry to Canada. As per the Canadian government's statement, only students from inside Canada or from another country will be allowed to apply for a post-graduation work permit. However, prospective students will be required to demonstrate their eligibility to apply for the same. International students can consult official Canadian government resources for the latest information on post-graduate work permits in Canada.

## ਸ੍ਰੀ ਕਰਤਾਰਪੁਰ ਸਾਹਿਬ ’ਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸਥਾਪਤ



ਸਿੱਖ ਸਾਮਰਾਜ ਦੇ ਪਹਿਲੇ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਦੇ ਸ੍ਰੀ ਕਰਤਾਰਪੁਰ ਸਾਹਿਬ ’ਚ ਸਥਾਪਤ ਕੀਤੇ ਗਏ ਬੁੱਤ ਤੋਂ ਬੁੱਧਵਾਰ ਨੂੰ 450 ਤੋਂ ਵੱਧ ਭਾਰਤੀ ਸਿੱਖਾਂ ਦੀ ਹਾਜ਼ਰੀ ਵਿੱਚ ਪਰਦਾ ਹਟਾਇਆ ਗਿਆ। ਪਾਕਿਸਤਾਨ ਤੇ ਭਾਰਤ ਦੇ ਸਿੱਖ ਭਾਈਚਾਰੇ ਦੇ ਵਿਅਕਤੀਆਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦੇ ਸਾਹਮਣੇ ਤਸਵੀਰਾਂ ਖਿਚਵਾਈਆਂ। ਪੰਜਾਬ ਦੇ ਪਹਿਲੇ ਸਿੱਖ ਮੰਤਰੀ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਨੇ ਬੁੱਤ ਦਾ ਉਦਘਾਟਨ ਕੀਤਾ। ਅਰੋੜਾ ਨੇ ਦੱਸਿਆ, ‘ਅਸੀਂ ਸਥਾਨਕ ਲੋਕਾਂ ਤੇ ਭਾਰਤੀ ਸਿੱਖਾਂ ਦੀ ਹਾਜ਼ਰੀ ਵਿੱਚ ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ ਸਾਹਿਬ ’ਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸਥਾਪਤ ਕੀਤਾ ਹੈ।’ ਪੀਐੱਮਐੱਲ-ਐੱਨ ਦੇ 44 ਸਾਲਾ ਆਗੂ ਨੇ ਕਿਹਾ ਕਿ ਮੁੜ ਸਥਾਪਤ ਬੁੱਤ ਮੁੱਖ ਤੌਰ ‘ਤੇ ਕਰਤਾਰਪੁਰ ਸਾਹਿਬ ’ਚ ਰੱਖਿਆ ਗਿਆ ਹੈ ਤਾਂ ਜੋ ਗਲਿਆਰੇ ਰਾਹੀਂ ਸਰਹੱਦ ਪਾਰੋਂ ਇੱਥੇ ਆਉਣ ਵਾਲੇ ਭਾਰਤੀ ਸਿੱਖ ਵੀ ਇਸ ਨੂੰ ਦੇਖ ਸਕਣ। ਉਨ੍ਹਾਂ ਕਿਹਾ ਕਿ ਇਸ ਬੁੱਤ ਲਈ ਬਿਹਤਰ ਸੁਰੱਖਿਆ ਯਕੀਨੀ ਬਣਾਈ ਜਾਵੇਗੀ। ਜ਼ਿਕਰਯੋਗ ਹੈ ਕਿ ਮਹਾਰਾਜਾ ਸਿੰਘ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਪਿਛਲੇ ਹਫ਼ਤੇ ਭਾਰਤ ਤੋਂ ਇੱਥੇ ਪੁੱਜਿਆ 455 ਸਿੱਖਾਂ ਦਾ ਜਥਾ ਵੀ ਉਦਘਾਟਨੀ ਸਮਾਗਮ ਵਿੱਚ ਸ਼ਾਮਲ ਹੋਇਆ।

# DESH VIDESH

## Book Review

by Dr. Devinder Pal Singh*

Paath-Bhed Gatha Sri Guru Granth Sahib by Giani Jagtar Singh Jachak is an exceptional work that delves into the intricate and profound historical and textual aspects of the Sikh holy scripture, Sri Guru Granth Sahib. Authored by a distinguished figure with extensive credentials in the Sikh community, this book offers a comprehensive and insightful exploration of the textual variations in the Guru Granth Sahib Ji.

Giani Jagtar Singh Jachak brings a wealth of experience and reverence to his work. As a former Granthi at the Sri Darbar Sahib in Amritsar, he has a deep-rooted understanding of the spiritual practices and liturgical traditions associated with the Sikh faith. His role as an Honorary International Sikh Missionary for the Shiromani Gurdwara Parbandhak Committee (S.G.P.C), an Ambassador for Peace with the Universal Peace Federation in New York, and the Director of the Guru Granth Institute of Melbourne further enhanced his credibility and the depth of insight presented in this book.

The book "Paath-Bhed Gaatha Sri Guru Granth Sahib" by Giani Jagtar Singh Jachak, presented by the Sri Guru Granth Sahib Vichar Manch, Toronto (Canada), is an in-depth exploration of the textual variations in the Guru Granth Sahib Ji. This scholarly work aims to address and elucidate the historical, textual, and practical aspects of these variations, offering a comprehensive resource for Sikhs and scholars alike. Here is a detailed review of the book, chapter by chapter.

"Bhumika" (Introduction) to the book by Dr. Parminder Singh Shaunki, Chairman, Nanak Shahi Trust, sets the stage for the book, providing context and emphasizing the importance of understanding the textual integrity of the Guru Granth Sahib Ji. It highlights the scholarly efforts to preserve and correct the text, ensuring its purity and accessibility. The acknowledgment section by Sardar Gagandeep Singh Toronto gives credit to the individuals and institutions that supported and contributed to the research and compilation of this book. It reflects the collaborative effort involved in this significant work.

Chapter 1, 'The Unique Position of Sri Guru Granth Sahib Ji in the Writing Tradition of Religious Scriptures, 'discusses Guru Granth Sahib Ji's unparalleled status




| | | |
|---|---|---|
| Book Title | : | Paath-Bhed Gaatha Sri Guru Granth Sahib |
| Author | : | Giani Jagtar Singh Jachak, Former Granthi Sri Darbar Sahib, Amritsar. |
| Published by | : | Sri Guru Granth Sahib Vichar Manch, Toronto, Canada |
| Year of Publication | : | 2023; Price: Rs. 495. Can $20. |
| Language, Pages | : | Punjabi, Pages: 256 |

among world religious texts. It emphasizes how the Guru Granth Sahib Ji stands apart due to its compilation without myths or irrationalities, focusing solely on spiritual and moral guidance. Chapter 2, "Writing and Printing of Sri Guru Granth Sahib Ji," delves into the history of the Guru Granth Sahib Ji's writing and printing processes. It examines how the text was transcribed and printed over the centuries, highlighting the challenges and solutions faced during these processes.

Chapter 3, "Research on Handwritten Ancient Manuscripts of Sri Guru Granth Sahib Ji," focuses on the discovery and study of ancient handwritten manuscripts of the Guru Granth Sahib Ji. It provides insights into the methodologies used to verify their authenticity and accuracy. Chapter 4: "The Origin and Correction of Textual Variations in Sri Guru Granth Sahib Ji" addresses the origin of textual variations in the Guru Granth Sahib Ji and the efforts made to correct these discrepancies. It underscores the significance of maintaining textual consistency and the historical efforts to rectify variations. (Continued)

* Director, Center for Understanding Sikhism, Mississauga, ON, Canada

# HERITAGE

## ਜਸਵੰਤ ਸਿੰਘ ਜ਼ਫ਼ਰ ਭਾਸ਼ਾ ਵਿਭਾਗ ਦੇ ਡਾਇਰੈਕਟਰ ਅਤੇ ਸਵਰਨਜੀਤ ਸਵੀ ਆਰਟ ਕੌਂਸਲ ਦੇ ਮੁਖੀ ਨਿਯੁਕਤ




ਪੰਜਾਬ ਸਰਕਾਰ ਵਲੋਂ ਪੰਜਾਬੀ ਕਵੀ, ਚਿੱਤਰਕਾਰ ਅਤੇ ਵਾਰਤਕ ਲੇਖਕ ਜਸਵੰਤ ਸਿੰਘ ਜ਼ਫ਼ਰ ਨੂੰ ਭਾਸ਼ਾ ਵਿਭਾਗ ਪੰਜਾਬ ਦਾ ਡਾਇਰੈਕਟਰ ਅਤੇ ਪੰਜਾਬੀ ਕਵੀ ਤੇ ਚਿੱਤਰਕਾਰ ਸਵਰਨਜੀਤ ਸਵੀ ਨੂੰ ਆਰਟ ਕੌਂਸਲ ਦਾ ਮੁਖੀ ਨਿਯੁਕਤ ਕੀਤਾ ਗਿਆ ਹੈ। 1965 'ਚ ਪਿੰਡ ਸੰਘੇ ਖਾਲਸਾ (ਨੂਰਮਹਿਲ) 'ਚ ਜਨਮੇ ਜਸਵੰਤ ਜ਼ਫ਼ਰ ਨੇ 1969 ਵਿਚ ਗੁਰੂ ਨਾਨਕ ਦੇਵ ਇੰਜਨੀਅਰਿੰਗ ਕਾਲਜ, ਲੁਧਿਆਣਾ ਤੋਂ ਇੰਜਨੀਅਰਿੰਗ ਦੀ ਡਿਗਰੀ ਹਾਸਲ ਕੀਤੀ ਤੇ ਪੰਜਾਬ ਰਾਜ ਬਿਜਲੀ ਬੋਰਡ 'ਚ ਕਾਰਜਰੱਤ ਰਹੇ। ਆਪਣੇ ਸਾਹਿਤਕ ਸ਼ੌਕ ਸਦਕਾ ਜ਼ਫ਼ਰ ਨੇ ਚਾਰ ਕਾਵਿ ਸੰਗ੍ਰਹਿ ਅਤੇ ਇਕ ਨਿਬੰਧ ਸੰਗ੍ਰਹਿ ਲਿਖਣ ਤੋਂ ਇਲਾਵਾ ਬੁੱਢਾ ਦਰਿਆ ਨਾਂ ਦੇ ਨਾਟਕ ਦੀ ਰਚਨਾ ਵੀ ਕੀਤੀ। ਸਵਰਨਜੀਤ ਸਵੀ ਦਾ ਜਨਮ 1958 'ਚ ਹੋਇਆ ਅਤੇ 2023 'ਚ ਸਵੀ ਨੂੰ ਉਨ੍ਹਾਂ ਦੀ ਰਚਨਾ ਮਨ ਦੀ ਚਿੱਪ ਲਈ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਇਸ ਤੋਂ ਇਲਾਵਾ ਉਨ੍ਹਾਂ ਤਕਰੀਬਨ ਦਰਜਨ ਕਾਵਿ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਅਦਾਰਾ ਭਾਈ ਵੀਰ ਸਿੰਘ ਸਾਹਿਤ ਸਦਨ ਦੋਵੇਂ ਸਾਹਿਤਕਾਰਾਂ ਦੀ ਇਸ ਨਿਯੁਕਤੀ 'ਤੇ ਖ਼ੁਸ਼ੀ ਦਾ ਇਜ਼ਹਾਰ ਕਰਦਾ ਹੈ।

## ਭਾਰਤੀ ਹਾਕੀ ਟੀਮ ਵਿਚ ਚੁਣੇ ਗਏ ਪੰਜਾਬ ਦੇ 10 ਖਿਡਾਰੀ

ਪੈਰਿਸ ਉਲੰਪਿਕ 2024 ਦਾ ਕਾਊਂਟ ਡਾਊਨ ਸ਼ੁਰੂ ਹੋ ਚੁੱਕਾ ਹੈ। ਅਗਲੇ ਮਹੀਨੇ ਜੁਲਾਈ 'ਚ ਖੇਡਾਂ ਦਾ ਮਹਾਂਕੁੰਭ ਸ਼ੁਰੂ ਹੋਵੇਗਾ, ਜਿਸ ਦੇ ਲਈ ਭਾਰਤ ਵਲੋਂ ਵੱਖ-ਵੱਖ ਖੇਡਾਂ ਵਿਚ ਖਿਡਾਰੀਆਂ ਦੀ ਚੋਣ ਕੀਤੀ ਜਾ ਰਹੀ ਹੈ। ਭਾਰਤੀ ਹਾਕੀ ਟੀਮ ਵਿਚ ਪੰਜਾਬ ਦੇ 10 ਖਿਡਾਰੀ- ਹਰਮਨਪ੍ਰੀਤ ਸਿੰਘ (ਕਪਤਾਨ), ਹਾਰਦਿਕ ਸਿੰਘ (ਉਪ ਕਪਤਾਨ), ਮਨਪ੍ਰੀਤ ਸਿੰਘ, ਜਰਮਨਪ੍ਰੀਤ ਸਿੰਘ, ਸਮਸ਼ੇਰ ਸਿੰਘ, ਸੁਖਜੀਤ ਸਿੰਘ, ਮਨਦੀਪ ਸਿੰਘ, ਗੁਰਜੰਟ ਸਿੰਘ, ਕ੍ਰਿਸ਼ਨ ਬਹਾਦੁਰ ਪਾਠਕ ਤੇ ਜੁਗਰਾਜ ਸਿੰਘ ਸ਼ਾਮਲ ਹਨ।

## ਪੰਜਾਬ ਦੇ 100 ਸਕੂਲਾਂ ਨੂੰ 2026 ਤੱਕ ਸਕੂਲ ਆਫ਼ ਹੈਪੀਨੈਸ 'ਚ ਕੀਤਾ ਜਾਵੇਗਾ ਤਬਦੀਲ

ਪੰਜਾਬ ਦੇ ਸਿੱਖਿਆ ਮੰਤਰੀ ਨੇ ਵੀਰਵਾਰ ਨੂੰ ਇਕ ਵੱਡਾ ਐਲਾਨ ਕਰਦਿਆਂ ਕਿਹਾ ਕਿ ਸਾਲ 2026 ਤੱਕ ਸੂਬੇ ਦੇ 100 ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ 'ਸਕੂਲ ਆਫ਼ ਹੈਪੀਨੈਸ' ਵਿਚ ਤਬਦੀਲ ਕਰ ਦਿੱਤਾ ਜਾਵੇਗਾ। ਇਨ੍ਹਾਂ ਸਕੂਲਾਂ 'ਚ ਕਲਾਸਾਂ ਦੇ ਨਾਲ-ਨਾਲ ਸਕੂਲ ਬਿਲਡਿੰਗ ਨੂੰ ਵੀ ਆਕਰਸ਼ਕ ਢੰਗ ਨਾਲ ਤਿਆਰ ਕੀਤਾ ਜਾਵੇਗਾ ਤਾਂ ਜੋ ਇਹ ਸਕੂਲ ਸਾਰਿਆਂ ਨੂੰ ਆਪਣੇ ਵੱਲ ਆਕਰਸ਼ਿਤ ਕਰ ਸਕਣ। ਲੁਧਿਆਣਾ ਦੇ 4 ਤੋਂ 5 ਸਕੂਲਾਂ ਨੂੰ ਇਸ ਪ੍ਰੋਜੈਕਟ ਵਿਚ ਸ਼ਾਮਲ ਕੀਤਾ ਜਾ ਰਿਹਾ ਹੈ। ਸਿੱਖਿਆ ਮੰਤਰੀ ਨੇ ਕਿਹਾ ਕਿ ਜਿਨ੍ਹਾਂ ਪ੍ਰਾਇਮਰੀ ਸਕੂਲਾਂ 'ਚ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਹੋਵੇਗੀ ਉਨ੍ਹਾਂ ਸਕੂਲਾਂ ਨੂੰ ਪਹਿਲ ਦੇ ਆਧਾਰ 'ਤੇ ਸਕੂਲ ਆਫ ਹੈਪੀਨੈਸ 'ਚ ਤਬਦੀਲ ਕੀਤਾ ਜਾਵੇਗਾ।

## Changes to Canada's Citizenship Laws Have Been Delayed




Anticipated changes to Canada's first-generation limit (FGL) to passing on Canadian citizenship have been delayed till at least August.

The FGL rule dictates that if a Canadian citizen who was born out-of-country, subsequently has a child outside of Canada, this child will not automatically receive citizenship from their parents. Previously, Ontario's Supreme Court ordered that the federal government amend the FGL rule within the Canadian Citizenship Act. The court ruled it as unconstitutional due to its creation of "a lesser class of citizenship". At this time, the court imposed a deadline of June 19th, 2024, to implement a solution to this problem.

However, the federal government has now applied and received an extension from the Ontario Supreme Court. Solutions to the FGL issue will now be due on August 9th, 2024. This extension does contain further conditions.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰੂ ਨਾਨਕ ਸਾਹਿਬ ਤੋਂ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਬਾਣੀ ਵਿਚ ਕਿਹੜਾ ਨਿਯਮ ਇਕਸਾਰਤਾ ਨਾਲ ਚਲਿਆ ਹੈ?**

a. ਮਹੱਲਾ   b. ਰਾਗ ਦਾ ਸਿਰਲੇਖ
c. ਨਾਨਕ ਪਦ   d. ਇਹ ਸਾਰੇ ਹੀ

**2. ਗੁਰੂ ਅਰਜਨ ਸਾਹਿਬ ਜੀ ਨੇ ਕਿਹੜਾ ਸ਼ਹਿਰ ਅਤੇ ਸਰੋਵਰ ਵਸਾਇਆ ਸੀ ਜਿੱਥੇ ਕੋੜ੍ਹੀਆਂ ਦੀ ਸੇਵਾ ਲਈ ਕੋਹੜ ਘਰ ਬਣਾਇਆ ਗਿਆ ਸੀ ?**

a. ਅੰਮ੍ਰਿਤਸਰ   b. ਗੋਇੰਦਵਾਲ
c. ਅਨੰਦਪੁਰ   d. ਤਰਨਤਾਰਨ

**3. ਸਿੰਘ ਸਭਾ ਲਹਿਰ ਦੌਰਾਨ 1873 ਦੇ ਅੰਤ ਵਿੱਚ ਇਸਾਈ ਧਰਮ ਵਿੱਚ ਸ਼ਾਮਿਲ ਹੋਣ ਵਾਲੇ ਕਿੰਨੇ ਸਿੱਖ ਸਨ ਤੇ ਉਹ ਕਿਹੜੇ ਸਕੂਲ ਦੇ ਵਿਦਿਆਰਥੀ ਸਨ?**

a. 3; ਵਿਦਿਆ ਹਾਈ ਸਕੂਲ, ਲਾਹੌਰ
b. 2; ਖਾਲਸਾ ਸਕੂਲ, ਅੰਮ੍ਰਿਤਸਰ
c. 4; ਮਿਸ਼ਨ ਸਕੂਲ, ਅੰਮ੍ਰਿਤਸਰ
d. 2; ਮਿਸ਼ਨ ਸਕੂਲ, ਅੰਮ੍ਰਿਤਸਰ

(ਦੇਖੋ ਉੱਤਰ ਪੰਨਾ 4 'ਤੇ)

## ‘ਹਮ ਬੈਠੇ ਤੁਮ ਦੇਹੋ ਅਸੀਸਾ’ ਤੁਕ ਸਿੱਖਾਂ ਦੀ ਨਹੀਂ ਬ੍ਰਾਹਮਣਾਂ ਦੀ ਅਸੀਸ ਹੈ

ਕੁਝ ਸਮੇਂ ਤੋਂ ਗੁਰਸਿੱਖ ਬੱਚਿਆਂ ਦੇ ਆਨੰਦ-ਕਾਰਜਾਂ, ਜਨਮ-ਦਿਵਸ ਤੇ ਦਸਤਾਰਬੰਦੀ ਆਦਿ ਸਮਾਗਮਾਂ ਮੌਕੇ ਕੀਰਤਨੀਆਂ ਵਲੋਂ ‘ਹਮ ਬੈਠੇ ਤੁਮ ਦੇਹੁ ਅਸੀਸਾਂ’ ਤੁਕ ਨੂੰ ਗੁਰਬਾਣੀ ਦੀ ਅਸੀਸ ਵਜੋਂ ਗਾਇਆ ਜਾ ਰਿਹਾ ਹੈ। ਇਹ ਤੁਕ ਸ੍ਰੀ ਗੁਰੂ ਗ੍ਰੰਥ ਸਾਹਿਬ ’ਚੋਂ ਨਹੀਂ ਹੈ। ਇਹ ਬਚਿੱਤ੍ਰ ਨਾਟਕ ਵਿਚਲੇ ਗਿਆਨ ਪ੍ਰਬੋਧ ਦੀ ਕਹਾਣੀ ਮੁਤਾਬਕ ‘ਸਨੌਢੀ ਬ੍ਰਾਹਮਣਾਂ’ ਦੀ ਰਾਜਾ ਅਜੈ ਸਿੰਘ ਨੂੰ ਦਿੱਤੀ ਝੂਠੀ ਅਸੀਸ ਹੈ, ਜਿਨ੍ਹਾਂ ਪ੍ਰਤੀ ਭਗਤ ਕਬੀਰ ਜੀ ਦਾ ਸ਼ਬਦ ਹੈ- **ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥ ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ॥** (ਅੰਕ 1376)

ਅੰਤਰਰਾਸ਼ਟਰੀ ਸਿੱਖ ਪ੍ਰਚਾਰਕ ਗਿਆਨੀ ਜਗਤਾਰ ਸਿੰਘ ਜਾਚਕ ਨੇ ਨਿਊਯਾਰਕ ਤੋਂ ਉਪਰੋਕਤ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਬ੍ਰਹਮਾ ਦੇ ਸਨਕਾਦਿਕ ਪੁਤਰਾਂ ਦੀ ਸੰਤਾਨ ‘ਸਨੌਢੀ ਬ੍ਰਾਹਮਣ’ ਅਖਵਾਉਂਦੀ ਹੈ। ਗਿਆਨ ਪ੍ਰਬੋਧ ਮੁਤਾਬਕ ‘ਅਸਮੇਧ’ ਅਤੇ ‘ਅਸੁਮੇਦ’ ਨਾਂ ਦੇ ਦੋ ਰਾਜਕੁਮਾਰ ਰਾਜਾ ਅਜੈ ਸਿੰਘ ਤੋਂ ਹਾਰ ਖਾ ਕੇ ਆਪਣੀ ਜਾਨ ਬਚਾਉਣ ਲਈ ‘ਸਨੌਢੀ ਬ੍ਰਾਹਮਣਾਂ’ ਦੇ ਡੇਰੇ ’ਚ ਸ਼ਰਣ ਲੈਂਦੇ ਹਨ। ਰਾਜਾ ਅਜੈ ਸਿੰਘ ਦੇ ਦੂਤ (ਸਿਪਾਹੀ) ਆਣ ਕੇ ਮੁਖੀ ਬ੍ਰਾਹਮਣਾਂ ਨੂੰ ਆਖਦੇ ਹਨ ਕਿ ਦੋਵੇਂ ਰਾਜਕੁਮਾਰ ਬੰਨ੍ਹ ਕੇ ਸਾਡੇ ਕੋਲ ਪੇਸ਼ ਕਰੋ, ਨਹੀਂ ਤਾਂ ਤੁਹਾਨੂੰ ਵੀ ਉਹਨਾਂ ਦੇ ਨਾਲ ਹੀ ਮਾਰ ਦਿੱਤਾ ਜਾਵੇਗਾ।

ਸਨੌਢੀ ਬ੍ਰਾਹਮਣ ਨੇ ਰਾਜੇ ਕੋਲ ਪੇਸ਼ ਹੋ ਕੇ ਜਿਹੜਾ ਝੂਠ ਬੋਲਿਆ, ਉਹ ‘ਦਿਜੋ ਵਾਚ’ (ਬ੍ਰਾਹਮਣ ਦਾ ਕਥਨ) ਦੇ ਸਿਰਲੇਖ ਹੇਠ ‘ਗਿਆਨ ਪ੍ਰਬੋਧ’ ਵਿਖੇ ਕਾਵਿਕ ਅੰਕ 291 ’ਤੇ ਅੰਕਿਤ ਹੈ। ਬ੍ਰਾਹਮਣ ਨੇ ਕਿਹਾ ਕਿ ਮਹਾਰਾਜ! ਅਸੀਂ ਤਾਂ ਬੈਠੇ ਤੁਹਾਨੂੰ ਅਸੀਸਾਂ ਦੇ ਰਹੇ ਸੀ ਕਿ ਤੁਸੀਂ ਰਾਜਿਆਂ ਦੇ ਸੁਆਮੀ ਰਾਜਾ ਬਣੇ ਰਹੋ। ਉਹ ਦੋਵੇਂ ਤਾਂ ਸਾਡੀ ਨਜ਼ਰ ਹੀ ਨਹੀ ਪਏ। ਉਹਨਾਂ ਦੇ ਕਾਵਿਕ ਬੋਲ ਹਨ: “ਹਮਰੀ ਵੈ ਨਾ ਪਰੈ ਦੂਐ ਡੀਠਾ।291। ਹਮ ਬੈਠੇ ਤੁਮ ਦੇਹੋ ਅਸੀਸਾ। ਤੁਮ ਰਾਜਾ ਰਾਜਨ ਕੇ ਈਸਾ।292।” ਦੁੱਖ ਦੀ ਗੱਲ ਹੈ ਕਿ ਅਜਿਹੇ ਕਾਇਰਾਨਾ ਝੂਠ ਨੂੰ ਸੱਚ ਦਰਬਾਰ ਵਿੱਚ ਝੂਮ ਝੂਮ ਗਾਇਆ ਜਾ ਰਿਹਾ ਹੈ।

## ਦਰਬਾਰ ਸਾਹਿਬ ਵਿਖੇ ਆਉਣ ਵਾਲਿਆਂ ਲਈ ਸ਼੍ਰੋਮਣੀ ਕਮੇਟੀ ਨੇ ਨਵੇਂ ਨਿਯਮ ਕੀਤੇ ਲਾਗੂ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਆਉਣ ਵਾਲੇ ਸ਼ਰਧਾਲੂਆਂ ਲਈ ਨਵੇਂ ਨਿਯਮ ਲਾਗੂ ਕਰ ਦਿੱਤੇ ਹਨ। ਜਿਵੇਂ ਸ੍ਰੀ ਹਰਿਮੰਦਰ ਸਾਹਿਬ ਦੇ ਗਲਿਆਰੇ ਅੰਦਰ ਕਿਸੇ ਵੀ ਤਰ੍ਹਾਂ ਦਾ ਨਸ਼ੀਲਾ ਪਦਾਰਥ ਲਿਜਾਣ ਦੀ ਪੂਰਨ ਤੌਰ ’ਤੇ ਪਾਬੰਦੀ ਹੈ, ਉਸੇ ਤਰ੍ਹਾਂ ਪਰਿਕਰਮਾ ਦੌਰਾਨ ਤੁਸੀਂ ਫੋਟੋਗ੍ਰਾਫ਼ੀ ਵੀ ਨਹੀਂ ਕਰ ਸਕਦੇ। ਇਸੇ ਤਰ੍ਹਾਂ ਦਰਬਾਰ ਸਾਹਿਬ ਵਿਖੇ ਆਉਣ ਵਾਲੇ ਹਰ ਵਿਅਕਤੀ ਦਾ ਸਿਰ ਢਕਿਆ ਹੋਣਾ ਚਾਹੀਦਾ ਅਤੇ ਪਵਿੱਤਰ ਸਰੋਵਰ ਵਿਚ ਵੀ ਸਿਰਫ਼ ਤੁਸੀਂ ਡੁਬਕੀ ਹੀ ਲਗਾ ਸਕਦੇ ਹੋ ਪਰ ਤੈਰ ਨਹੀਂ ਸਕਦੇ। ਇਸੇ ਤਰ੍ਹਾਂ ਪਰਿਕਰਮਾ ਦੌਰਾਨ ਹਰ ਸ਼ਰਧਾਲੂ ਨੂੰ ਆਪਣਾ ਮੋਬਾਇਲ ਫੋਨ ਬੰਦ ਰੱਖਣ ਦੀ ਵੀ ਸਲਾਹ ਦਿੱਤੀ ਗਈ ਹੈ। ਉਧਰ ਦਰਬਾਰ ਸਾਹਿਬ ਦੀ ਪਰਿਕਰਮਾ ’ਚ ਯੋਗਾ ਕਰਨ ਵਾਲੀ ਅਰਚਨਾ ਮਕਵਾਨਾ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਿਕਾਇਤ ’ਤੇ ਪੰਜਾਬ ਪੁਲਿਸ ਵੱਲੋਂ ਨੋਟਿਸ ਭੇਜਿਆ ਗਿਆ ਹੈ। ਪੁਲਿਸ ਅਧਿਕਾਰੀ ਨੇ ਕਿਹਾ ਕਿ ਇਨਕੁਆਇਰੀ ਪੂਰੀ ਹੋਣ ਅਤੇ ਦੋਸ਼ੀ ਸਾਬਤ ਹੋਣ ਮਗਰੋਂ ਹੀ ਉਸ ਖਿਲਾਫ਼ ਅਗਲੀ ਕਾਰਵਾਈ ਕੀਤੀ ਜਾਵੇਗੀ।




ਪੰਨਾ 3 ’ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. D 3. C

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)


email: canadasikhtimes@gmail.com, M: +1 437 673 7555